ਦਫਤਰ ਚੋਣਕਾਰ ਰਜਿਸਟਰੇਸ਼ਨ ਅਫ਼ਸਰ
091 ਭੁੱਚੋ ਮੰਡੀ ਵਿਧਾਨ ਸਭਾ ਹਲਕਾ (ਅ.ਜ.)-ਕਮ-ਸਕੱਤਰ ਰਿਜਨਲ ਟਰਾਂਸਪੋਰਟ ਅਥਾਰਟੀ, ਬਠਿੰਡਾ
ਕਮਰਾ ਨੰ:242-ਬੀ, ਪਹਿਲੀ ਮੰਜ਼ਿਲ, ਮਿਨੀ ਸਕੱਤਰੇਤ, ਬਠਿੰਡਾ।
email:-ero-91@punjab.gov.in

ਜ਼ਿੰਮੇਵਾਰ ਬਣੋ, ਵੋਟਰ ਬਣੋ

ਪੱਤਰ ਨੰ:ਚੋਣਾਂ-2026/ 299

ਜ਼ਿੰਮੇਵਾਰ ਬਣੋ, ਵੋਟਰ ਬਣੋ

ਮਿਤੀ: 03-06-2026

ਸੇਵਾ ਵਿਖੇ,

ਅਤਿ ਜਰੂਰੀ/ਸਿਰਫ ਈ-ਮੇਲ ਰਾਹੀਂ

1. ਜ਼ਿਲ੍ਹਾ ਸਿੱਖਿਆ ਅਫਸਰ (ਸੈਕੰ.), ਬਠਿੰਡਾ, ਸ੍ਰੀ ਮੁਕਤਸਰ ਸਾਹਿਬ, ਬਰਨਾਲਾ, ਫਰੀਦਕੋਟ
2. ਜ਼ਿਲ੍ਹਾ ਸਿੱਖਿਆ ਅਫਸਰ (ਐਲੀ.), ਬਠਿੰਡਾ
3. ਬਲਾਕ ਵਿਕਾਸ ਅਤੇ ਪੰਚਾਇਤ ਅਫਸਰ, ਰਾਮਪੁਰਾ ਫੂਲ/ਨਥਾਣਾ/ਗੋਨਿਆਣਾ
4. ਮੁੱਖ ਖੇਤੀਬਾੜੀ ਅਫਸਰ, ਬਠਿੰਡਾ
5. ਸੀਨੀਅਰ ਮੈਡੀਕਲ ਅਫਸਰ, ਨਥਾਣਾ
6. ਸਿਵਲ ਸਰਜਨ, ਬਠਿੰਡਾ
7. ਕਾਰਜ ਸਾਧਕ ਅਫਸਰ, ਨਗਰ ਕੌਂਸਲ, ਭੁੱਚੋ ਮੰਡੀ/ ਗੋਨਿਆਣਾ/ਰਾਮਪੁਰਾ
8. ਕਾਰਜ ਸਾਧਕ ਅਫ਼ਸਰ, ਨਗਰ ਪੰਚਾਇਤ, ਨਥਾਣਾ/ਲਹਿਰਾ ਮੁਹੱਬਤ
9. ਸਕੱਤਰ ਮਾਰਕਿਟ ਕਮੇਟੀ, ਗੋਨਿਆਣਾ/ਨਥਾਣਾ
10. ਪ੍ਰਿੰਸੀਪਲ, ਸਰਕਾਰੀ ਆਈ.ਟੀ.ਆਈ., ਬਠਿੰਡਾ
11. ਜ਼ਿਲ੍ਹਾ ਮੰਡੀ ਅਫਸਰ, ਬਠਿੰਡਾ
12. ਜ਼ਿਲ੍ਹਾ ਮੈਨੇਜਰ ਹਾਊਸਫੈਡ, ਬਠਿੰਡਾ।
13. ਕਾਰਜਕਾਰੀ ਇੰਜਨੀਅਰ, ਜਸਸ, ਮੰਡਲ ਨੰ: 1/2, ਬਠਿੰਡਾ
14. ਕਾਰਜਕਾਰੀ ਇੰਜਨੀਅਰ, ਪੀ.ਡਬਲਯੂ.ਆਰ.ਐਮ.ਡੀ.ਸੀ, ਡਵੀਜ਼ਨ ਨੰ: 7, ਬਠਿੰਡਾ
15. ਕਾਰਜਕਾਰੀ ਇੰਜਨੀਅਰ, ਪੀ.ਡਬਲਯੂ.ਡੀ. (ਬੀ ਐਂਡ ਆਰ), ਪ੍ਰੋਵਿੰਸ਼ੀਅਲ ਡਵੀਜ਼ਨ, ਬਠਿੰਡਾ
16. ਕਾਰਜਕਾਰੀ ਇੰਜਨੀਅਰ, ਪੀ.ਡਬਲਯੂ.ਡੀ. (ਬੀ ਐਂਡ ਆਰ), ਨੈਸ਼ਨਲ ਹਾਈਵੇਅ ਮੰਡਲ ਨੰ: 1, ਬਠਿੰਡਾ
17. ਕਾਰਜਕਾਰੀ ਇੰਜਨੀਅਰ, ਪੀ.ਡਬਲਯੂ.ਡੀ. (ਬੀ ਐਂਡ ਆਰ), ਸੈਂਟਰਲ ਵਰਕਸ, ਬਠਿੰਡਾ
18. ਕਾਰਜਕਾਰੀ ਇੰਜਨੀਅਰ, ਨਹਿਰ ਮੰਡਲ, ਬਠਿੰਡਾ
19. ਪ੍ਰਿੰਸੀਪਲ, ਸਰਕਾਰੀ ਬਹੁਤਕਨੀਕੀ ਕਾਲਜ, ਬਠਿੰਡਾ

ਵਿਸ਼ਾ:- **Special Intensive Revision (S.I.R) w.r.t 01.01.2026-regarding.**

ਉਪਰੋਕਤ ਵਿਸ਼ੇ ਸਬੰਧੀ ਮਾਨਯੋਗ ਮੁੱਖ ਚੋਣ ਅਫ਼ਸਰ, ਪੰਜਾਬ ਜੀ ਵੱਲੋਂ ਉਲੀਕੇ ਗਏ ਪ੍ਰੋਗਰਾਮ ਅਨੁਸਾਰ ਵੋਟਰ ਸੂਚੀ ਦੀ ਸਪੈਸ਼ਲ ਇੰਟੈਂਸਿਵ ਰਵੀਜ਼ਨ (Special Intensive Revision) ਤਹਿਤ ਵਿਧਾਨ ਸਭਾ ਚੋਣ ਹਲਕੇ ਦੀ ਮੌਜੂਦਾ ਵੋਟਰ ਸੂਚੀ ਦਾ ਮਿਲਾਨ ਸਾਲ 2003 ਦੀ ਵੋਟਰ ਸੂਚੀ ਨਾਲ ਕੀਤਾ ਜਾ ਚੁੱਕਾ ਹੈ। ਜਿਸ ਸਬੰਧੀ ਮਾਨਯੋਗ ਮੁੱਖ ਚੋਣ ਅਫ਼ਸਰ, ਪੰਜਾਬ ਜੀ ਵੱਲੋਂ ਨਿਮਨਹਸਤਾਖਰ ਦੇ ਹਲਕੇ ਅਧੀਨ ਕੰਮ ਕਰਦੇ ਬੀ.ਐਲ.ਓਜ਼ ਵੱਲੋਂ ਮਿਤੀ: 07-06-2026 ਨੂੰ ਸਵੇਰ 10.00 ਵਜੇ ਤੋਂ ਸ਼ਾਮ 4.00 ਵਜੇ ਤੱਕ ਆਪਣੇ ਬੂਥਾਂ ਤੇ ਬੈਠ ਕੇ ਸਪੈਸ਼ਲ ਕੈਂਪ ਲਗਾਇਆ ਜਾਣਾ ਹੈ। ਇਸ ਲਈ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪ ਦੇ ਦਫ਼ਤਰ ਅਧੀਨ ਕੰਮ ਕਰਦੇ ਅਧਿਕਾਰੀ/ਕਰਮਚਾਰੀ ਜਿਨ੍ਹਾਂ ਦੀ ਡਿਊਟੀ ਨਿਮਨਹਸਤਾਖਰ ਦੇ ਹਲਕੇ ਅਧੀਨ ਬਤੌਰ ਬੀ.ਐਲ.ਓ ਲੱਗੀ ਹੋਈ ਹੈ ਨੂੰ ਹੇਠ ਲਿਖੇ ਅਨੁਸਾਰ ਹਦਾਇਤਾਂ ਦੀ ਪਾਲਣਾ ਕਰਨ ਸਬੰਧੀ ਪਾਬੰਦ ਕਰਨਾ ਯਕੀਨੀ ਬਣਾਇਆ ਜਾਵੇ:-

ਸਪੈਸ਼ਲ ਕੈਂਪ ਲਈ ਜਰੂਰੀ ਹਦਾਇਤਾਂ

**ਮੁੱਖ ਉਦੇਸ਼** : 2003 ਦੀ ਸੂਚੀ ਨਾਲ Umapped ਵੋਟਰਾਂ ਦੀ ਮੈਪਿੰਗ ਕਰਨਾ ਅਤੇ Mapped ਵੋਟਰਾਂ ਦੀ Anomalies (ਤਰੁੱਟੀਆਂ) ਨੂੰ ਠੀਕ ਕਰਨਾ

> BLOs ਅਤੇ ਸੁਪਰਵਾਈਜ਼ਰਾਂ ਲਈ ਹਦਾਇਤਾਂ:-

**1. ਲੋੜੀਂਦੀਆਂ ਸੂਚੀਆਂ ਇਕੱਤਰ ਕਰਨਾ:**

- Unmapped ਵੋਟਰਾਂ ਦੀ ਸੂਚੀ (In BLO App)
- Anomalies ਦੀ ਸੂਚੀ (in BLO App)
- ਆਪਣੇ ਬੂਥ ਦੇ ਵੱਖ-ਵੱਖ ਪਾਰਟੀਆਂ ਦੇ ਬੂਥ ਲੈਵਲ ਏਜੰਟਾਂ (BLAs) ਦੇ ਨਾਮ ਅਤੇ ਨੰਬਰ।
- ਨੰਬਰਦਾਰ ਅਤੇ ਚੌਕੀਦਾਰ ਦੇ ਨਾਮ ਅਤੇ ਨੰਬਰ

ਦਫਤਰ ਚੋਣਕਾਰ ਰਜਿਸਟਰੇਸ਼ਨ ਅਫ਼ਸਰ
091 ਭੁੱਚੋ ਮੰਡੀ ਵਿਧਾਨ ਸਭਾ ਹਲਕਾ (ਅ.ਜ.)-ਕਮ-ਸਕੱਤਰ ਰਿਜਨਲ ਟਰਾਂਸਪੋਰਟ ਅਥਾਰਟੀ, ਬਠਿੰਡਾ
ਕਮਰਾ ਨੰ:242-ਈ, ਪਹਿਲੀ ਮੰਜਲ, ਮਿੰਨੀ ਸਕੱਤਰੇਤ, ਬਠਿੰਡਾ।
email:-ero-91@punjab.gov.in

ਜਿੰਮੇਵਾਰ ਬਣੋ, ਵੋਟਰ ਬਣੋ

ਜਿੰਮੇਵਾਰ ਬਣੋ, ਵੋਟਰ ਬਣੋ

ਪੱਤਰ ਨੰ:ਚੋਣਾਂ-2026/ 299

ਮਿਤੀ: 03-06-2026

2. ਕੈਂਪ ਦੌਰਾਨ ਕਰਨ ਵਾਲੇ ਕੰਮ

- ਬੂਥ ਤੇ BLAs, ਨੰਬਰਦਾਰ, ਚੌਕੀਦਾਰ ਅਤੇ ਨਾਲ ਤਾਲਮੇਲ ਯਕੀਨੀ ਬਣਾਉਣਾ ਅਤੇ ਇਨ੍ਹਾਂ ਦੀ ਮਦਦ ਨਾਲ ਰਹਿੰਦੇ ਵੋਟਰਾਂ ਦੀ 2003 ਦੀ ਵੋਟਰ ਸੂਚੀ ਨਾਲ ਮੈਪਿੰਗ ਕਰਨਾ।
- ਵੋਟਰ ਵੇਰਵਿਆਂ ਦੀਆਂ ਗਲਤੀਆਂ (Anomalies) ਦੁਰੁਸਤ ਕਰਨਾ (ਜਿਵੇਂ ਕਿ ਜੇਕਰ ਵੋਟਰ ਦੀ ਗਲਤ ਮੈਪਿੰਗ ਹੋਈ ਹੈ ਤਾਂ ਉਸ ਨੂੰ Unmapped ਕਰਕੇ ਉਸਦੀ ਸਹੀ ਮੈਪਿੰਗ ਕਰਨਾ।

3. ਕੈਂਪ ਖ਼ਤਮ ਹੋਣ ਤੇ BLO ਹੇਠ ਲਿਖੀਆਂ ਰਿਪੋਰਟਾਂ ਦੇਣਗੇ।

- ਕੈਂਪ ਵਾਲੇ ਦਿਨ ਮੈਪ ਕੀਤੇ ਵੋਟਰਾਂ ਦੀ ਗਿਣਤੀ ਦੇਣਗੇ।
- Unmapped ਵੋਟਰਾਂ ਦੇ ਨਾਮ ਦੇ ਸਾਹਮਣੇ ਠੋਸ ਕਾਰਨ (Absent/Shifted/Dead/Double/Others) ਦਰਜ ਕਰਕੇ ਸੂਚੀ ਤਿਆਰ ਕਰਕੇ ਦੇਣਗੇ।

ਚੋਣਕਾਰ ਰਜਿਸਟਰੇਸ਼ਨ ਅਫਸਰ,
091-ਭੁੱਚੋ ਮੰਡੀ (ਅ.ਜ) ਵਿਧਾਨ ਸਭਾ ਹਲਕਾ
ਕਮ-ਸਕੱਤਰ ਰਿਜਨਲ ਟਰਾਂਸਪੋਰਟ ਅਥਾਰਟੀ,
ਬਠਿੰਡਾ।

ਪਿੱਠ ਅੰਕਣ ਨੰ: 300-304

ਮਿਤੀ: 03-06-2026

ਉਪਰੋਕਤ ਦਾ ਉਤਾਰਾ:-

1) ਜਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ/ਐਲੀਮੈਂਟਰੀ) ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਮਿਤੀ: 07-06-2026 ਨੂੰ ਜਿਨ੍ਹਾਂ ਬਿਲਡਿੰਗਾਂ ਵਿੱਚ 091-ਭੁੱਚੋ ਮੰਡੀ (ਅ.ਜ) ਵਿਧਾਨ ਸਭਾ ਹਲਕੇ ਦੇ ਬੂਥ ਬਣੇ ਹੋਏ ਹਨ ਉਨ੍ਹਾਂ ਬਿਲਡਿੰਗਾਂ ਨੂੰ ਖੁੱਲਾ ਰੱਖਿਆ ਜਾਵੇ ਅਤੇ ਬੀ.ਐਲ.ਓਜ/ਸੁਪਰਵਾਈਜ਼ਰ ਨੂੰ ਲੋੜੀਂਦਾ ਫਰਨੀਚਰ ਮੁਹੱਈਆ ਕਰਵਾਇਆ ਜਾਵੇ ਅਤੇ ਕੈਂਪ ਦੌਰਾਨ ਪੂਰਨ ਸਹਿਯੋਗ ਦਿੱਤਾ ਜਾਵੇ।

2) ਬੀ.ਡੀ.ਪੀ.ਓ ਗੋਨਿਆਣਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਅਨੁਸਾਰ ਬੀ.ਐਲ.ਓਜ਼ ਵੱਲੋਂ ਮਿਤੀ: 07-06-2026 ਨੂੰ ਲਗਾਏ ਜਾ ਰਹੇ ਕੈਂਪ ਸਬੰਧੀ ਭਾਗ ਨੰ: 1 ਤੋਂ 95 ਤੱਕ ਦੀ ਚੈਕਿੰਗ ਕੀਤੀ ਜਾਵੇ ਅਤੇ ਇਸ ਸਬੰਧੀ ਰਿਪੋਰਟ ਨਿਮਨਹਸਤਾਖਰ ਨੂੰ ਮਿਤੀ: 07-06-2026 ਨੂੰ ਸ਼ਾਮ 4.30 ਵਜੇ ਮੁਹੱਈਆ ਕਰਵਾਈ ਜਾਵੇ। ਇਸਤੋਂ ਇਲਾਵਾ ਜੇਕਰ ਕਿਸੇ ਬੀ.ਐਲ.ਓ ਵੱਲੋ ਉਕਤ ਹਦਾਇਤਾਂ ਦੀ ਪਾਲਣਾ ਨਹੀਂ ਕੀਤੀ ਜਾਂਦੀ ਤਾਂ ਉਸ ਵਿਰੁੱਧ ਬਣਦੀ ਕਾਰਵਾਈ ਕੀਤੀ ਜਾਵੇ।

3) ਬੀ.ਡੀ.ਪੀ.ਓ ਨਥਾਣਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਅਨੁਸਾਰ ਬੀ.ਐਲ.ਓਜ਼ ਵੱਲੋਂ ਮਿਤੀ: 07-06-2026 ਨੂੰ ਲਗਾਏ ਜਾ ਰਹੇ ਕੈਂਪ ਸਬੰਧੀ ਭਾਗ ਨੰ: 96 ਤੋਂ 203 ਤੱਕ ਦੀ ਚੈਕਿੰਗ ਕੀਤੀ ਜਾਵੇ ਅਤੇ ਇਸ ਸਬੰਧੀ ਰਿਪੋਰਟ ਨਿਮਨਹਸਤਾਖਰ ਨੂੰ ਮਿਤੀ: 07-06-2026 ਨੂੰ ਸ਼ਾਮ 4.30 ਵਜੇ ਮੁਹੱਈਆ ਕਰਵਾਈ ਜਾਵੇ। ਇਸਤੋਂ ਇਲਾਵਾ ਜੇਕਰ ਕਿਸੇ ਬੀ.ਐਲ.ਓ ਵੱਲੋ ਉਕਤ ਹਦਾਇਤਾਂ ਦੀ ਪਾਲਣਾ ਨਹੀਂ ਕੀਤੀ ਜਾਂਦੀ ਤਾਂ ਉਸ ਵਿਰੁੱਧ ਬਣਦੀ ਕਾਰਵਾਈ ਕੀਤੀ ਜਾਵੇ।

4) ਸਮੂਹ ਸੁਪਰਵਾਈਜ਼ਰ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪ ਦੇ ਅਧੀਨ ਕੰਮ ਕਰਦੇ ਸਮੂਹ ਬੀ.ਐਲ.ਓਜ਼ ਪਾਸੋਂ ਉਕਤ ਅਨੁਸਾਰ ਜਾਰੀ ਕੀਤੀਆਂ ਗਈਆਂ ਹਦਾਇਤ ਦੀ ਪਾਲਣਾ ਕਰਵਾਉਣੀ ਯਕੀਨੀ ਬਣਾਈ ਜਾਵੇ।

5) ਸਮੂਹ ਬੀ.ਐਲ.ਓਜ 091-ਭੁੱਚੋ ਮੰਡੀ (ਅ.ਜ) ਵਿਧਾਨ ਸਭਾ ਹਲਕਾ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਆਪ ਮਿਤੀ:07-06-2026 ਨੂੰ ਆਪਣੇ ਬੂਥਾਂ ਉੱਪਰ ਬੈਠਦੇ ਹੋਏ ਉਕਤ ਅਨੁਸਾਰ ਹਦਾਇਤਾਂ ਦੀ ਪਾਲਣਾ ਕਰਨੀ ਯਕੀਨੀ ਬਣਾਇਆ ਜਾਵੇ।

ਚੋਣਕਾਰ ਰਜਿਸਟਰੇਸ਼ਨ ਅਫਸਰ,
091-ਭੁੱਚੋ ਮੰਡੀ (ਅ.ਜ) ਵਿਧਾਨ ਸਭਾ ਹਲਕਾ
ਕਮ-ਸਕੱਤਰ ਰਿਜਨਲ ਟਰਾਂਸਪੋਰਟ ਅਥਾਰਟੀ,
ਬਠਿੰਡਾ।

ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ

ਪਿਠ ਅੰਕਣ ਨੰ ਜੀ-1/1 ( )2026/ 1066 ਮਿਤੀ : 19.06.26

ਉਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ ਨੂੰ, ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

19/06/26

ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
ਬਠਿੰਡਾ